# ਜੈਵਿਕ ਖੇਤੀ ਪੋਰਟਲ ਜੋੜੇ ਕਿਸਾਨਾਂ, ਖ਼ਰੀਦਾਰਾਂ ਨੂੰ ਇੱਕ ਮੰਚ ਉੱਤੇ

ਜੈਵਿਕ ਪੋਰਟਲ (ਦਾਖਲਾ) ਵਿਸ਼ਵ ਪੱਧਰ 'ਤੇ ਜੈਵਿਕ ਖੇਤੀ ਵਧਾਉਣ ਲਈ ਐਮ ਐਸ ਟੀ ਸੀ ਦੇ ਨਾਲ ਖੇਤੀਬਾੜੀ ਵਿਭਾਗ, ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ ਦੀ ਇੱਕ ਅਨੂਠੀ ਪਹਿਲ ਹੈ। ਇਹ ਕਿਸਾਨਾਂ ਨੂੰ ਆਪਣੇ ਜੈਵਿਕ ਉਤਪਾਦ ਵੇਚਣ ਅਤੇ ਜੈਵਿਕ ਖੇਤੀ ਅਤੇ ਇਸਦੇ ਫ਼ਾਇਦੇ ਨੂੰ ਵਧਾਉਣ ਲਈ ਇੱਕ-ਮੁਸ਼ਤ ਹੱਲ ਹੈ।

ਜੈਵਿਕ ਖੇਤੀ ਪੋਰਟਲ ਇੱਕ ਈ-ਕਾਮਰਸ ਪੋਰਟਲ ਦੇ ਨਾਲ ਨਾਲ ਇੱਕ ਗਿਆਨ ਦਾ ਵੀ ਮੰਚ ਹੈ। ਪੋਰਟਲ ਦੇ ਗਿਆਨ ਭੰਡਾਰ ਭਾਗ ਵਿੱਚ ਜੈਵਿਕ ਖੇਤੀ ਦੀ ਸਹੂਲਤ ਅਤੇ ਸਮਰਥਨ ਲਈ ਕੇਸ ਸਟੱਡੀਜ਼ (ਵਿਸ਼ਾ-ਅਧਿਐਨ), ਵੀਡਿਓ, ਅਤੇ ਵਧੀਆ ਖੇਤੀ ਅਭਿਆਸ, ਕਾਮਯਾਬੀ ਦੀਆਂ ਕਹਾਣੀਆਂ ਅਤੇ ਹੋਰ ਸਮਗਰੀ ਸ਼ਾਮਿਲ ਹਨ। ਪੋਰਟਲ ਦਾ ਈ-ਕਾਮਰਸ ਭਾਗ ਅਨਾਜ, ਦਾਲਾਂ, ਫਲਾਂ ਅਤੇ ਸਬਜ਼ੀਆਂ ਤੋਂ ਲੈ ਕੇ ਜੈਵਿਕ ਉਤਪਾਦਾਂ ਦਾ ਪੂਰਾ ਸਮੂਹ ਪ੍ਰਦਾਨ ਕਰਦਾ ਹੈ।

ਖ਼ਰੀਦਾਰ ਹੁਣ ਬਹੁਤ ਘੱਟ ਕੀਮਤਾਂ 'ਤੇ ਪੋਰਟਲ ਰਾਹੀਂ ਜੈਵਿਕ ਉਤਪਾਦ ਆਪਣੇ ਦਰਵਾਜ਼ੇ 'ਤੇ ਹਾਸਿਲ ਸਕਦੇ ਹਨ। ਕਿਸਾਨ ਆਪਣੇ ਜੈਵਿਕ ਉਤਪਾਦਾਂ ਨੂੰ ਬਾਜ਼ਾਰ ਨਾਲੋਂ ਬਹੁਤ ਘੱਟ ਕੀਮਤਾਂ 'ਤੇ ਆਪਣੇ ਖੇਤਾਂ ਦੇ ਨਾਲ ਨਾਲ ਖ਼ਰੀਦਦਾਰਾਂ ਦੇ ਦਰਵਾਜ਼ੇ 'ਤੇ ਵਿਕਰੀ ਲਈ ਉਪਲਬਧ ਕਰਾਉਂਦੇ ਹਨ।

ਇਹ ਪੋਰਟਲ ਜੈਵਿਕ ਖੇਤੀ ਦੇ ਸਰਵਪੱਖੀ ਵਿਕਾਸ ਅਤੇ ਸਮਰਥਨ ਲਈ ਵੱਖ-ਵੱਖ ਹਿੱਸੇਦਾਰਾਂ ਜਿਵੇਂ ਖੇਤਰੀ ਕੌਂਸਲ, ਸਥਾਨਕ ਸਮੂਹ, ਵਿਅਕਤੀਗਤ ਕਿਸਾਨ, ਖ਼ਰੀਦਾਰ, ਸਰਕਾਰੀ ਏਜੰਸੀਆਂ ਅਤੇ ਲਾਗਤ ਪ੍ਰਦਾਨ ਕਰਨ ਵਾਲਿਆਂ ਨੂੰ ਜੋੜਦਾ ਹੈ।

ਇਹ ਪੋਰਟਲ ਵੱਖ-ਵੱਖ ਕੀਮਤ-ਖੋਜ ਵਿਧੀਆਂ ਪ੍ਰਦਾਨ ਕਰਦਾ ਹੈ ਤਾਂ ਜੋ ਕਿਸਾਨਾਂ ਨੂੰ ਫਾਰਵਰਡ ਨਿਲਾਮੀ, ਕੀਮਤ-ਮਾਤਰਾ ਦੀ ਬੋਲੀ, ਬੁੱਕ ਬਿਲਡਿੰਗ ਅਤੇ ਰਿਵਰਸ (ਉਲਟੀ) ਨਿਲਾਮੀ ਵਿਧੀ ਰਾਹੀਂ ਉਨ੍ਹਾਂ ਦੇ ਉਤਪਾਦਾਂ ਲਈ ਵਧੀਆ ਕੀਮਤਾਂ ਪ੍ਰਾਪਤ ਕਰਨ ਵਿੱਚ ਮਦਦ ਮਿਲੇ।

## ਜੈਵਿਕ ਖੇਤੀ ਪੋਰਟਲ ਦੀਆਂ ਸਹੂਲਤਾਂ

ਵਿਕਰੇਤਾ ਰਜਿਸਟ੍ਰੇਸ਼ਨ

ਵਿਅਕਤੀਗਤ ਕਿਸਾਨ ਖ਼ੁਦ ਨੂੰ ਪੋਰਟਲ 'ਤੇ ਰਜਿਸਟਰ ਕਰ ਸਕਦੇ ਹਨ। ਰਜਿਸਟ੍ਰੇਸ਼ਨ ਤੋਂ ਬਾਅਦ, ਕਿਸਾਨ ਉਤਪਾਦਾਂ ਦੇ ਵੇਰਵੇ, ਸਪੁਰਦਗੀ ਦਾ ਢੰਗ ਅਤੇ ਭੁਗਤਾਨ ਜਾਣਕਾਰੀ ਭਰ ਕੇ ਈ-ਬਾਜ਼ਾਰ ਵਿੱਚ ਆਪਣੇ ਉਤਪਾਦ ਅਪਲੋਡ ਕਰ ਸਕਦੇ ਹਨ।

ਖ਼ਰੀਦਾਰ ਰਜਿਸਟ੍ਰੇਸ਼ਨ

ਇੱਕ ਸੰਭਾਵੀ ਖ਼ਰੀਦਾਰ ਬਿਨਾਂ ਲੌਗਇਨ ਦੇ ਉਤਪਾਦਾਂ ਦੀ ਚੋਣ ਕਰ ਸਕਦਾ ਹੈ। ਹਾਲਾਂਕਿ, ਜਦੋਂ ਉਹ ਕੋਈ ਉਤਪਾਦ ਖ਼ਰੀਦਣ ਲਈ ਤਿਆਰ ਹੁੰਦੇ ਹਨ, ਉਨ੍ਹਾਂ ਨੂੰ ਪੋਰਟਲ ਵਿੱਚ ਰਜਿਸਟਰ ਜਾਂ ਲੌਗਇਨ ਕਰਨਾ ਪਏਗਾ।

ਸਥਾਨਕ ਸਮੂਹ ਰਜਿਸਟ੍ਰੇਸ਼ਨ

ਇੱਕ ਕਿਸਾਨ ਸਮੂਹ ਪੋਰਟਲ 'ਤੇ ਖ਼ੁਦ ਨੂੰ ਰਜਿਸਟਰ ਕਰ ਸਕਦਾ ਹੈ। ਸਮੂਹ ਦਾ ਨੇਤਾ, ਸਮੂਹ ਰਜਿਸਟਰੇਸ਼ਨ ਨੰਬਰ ਦੀ ਵਰਤੋਂ ਕਰਕੇ ਪੋਰਟਲ ਵਿੱਚ ਰਜਿਸਟਰ ਕਰ ਸਕਦਾ ਹੈ। ਰਜਿਸਟ੍ਰੇਸ਼ਨ ਤੋਂ

ਬਾਅਦ, ਨੇਤਾ ਆਪਣੇ ਲਈ ਜਾਂ ਸਮੂਹ ਦੇ ਦੂਜੇ ਕਿਸਾਨਾਂ ਦੇ ਵੱਲੋਂ ਉਤਪਾਦਾਂ ਜਾਣਕਾਰੀ ਨੂੰ ਅਪਲੋਡ ਕਰ ਸਕਦਾ ਹੈ।

ਇਨਪੁਟ ਸਪਲਾਇਰ ਰਜਿਸਟ੍ਰੇਸ਼ਨ

ਜਿਹੜੇ ਲੋਕ ਕਿਸਾਨਾਂ ਨੂੰ ਜੈਵਿਕ ਖੇਤੀ ਲਈ ਲਾਗਤਾਂ ਮੁਹੱਈਆ ਕਰਦੇ ਹਨ ਉਹ ਵੀ ਇਸ ਪੋਰਟਲ 'ਤੇ ਰਜਿਸਟਰ ਕਰ ਸਕਦੇ ਹਨ।

ਬੋਲੀ (ਨਿਲਾਮੀ)

ਈ-ਬਾਜ਼ਾਰ 'ਤੇ ਨਿਯਮਤ ਖ਼ਰੀਦਾਰੀ ਤੋਂ ਇਲਾਵਾ, ਖ਼ਰੀਦਾਰ ਵਿਕਰੇਤਾਵਾਂ ਵੱਲੋਂ ਉਪਲਬਧ ਉਤਪਾਦਾਂ 'ਤੇ ਬੋਲੀ ਲਗਾ ਕੇ ਵੀ ਉਤਪਾਦ ਖ਼ਰੀਦ ਸਕਦੇ ਹਨ। ਪੋਰਟਲ ਤਿੰਨ ਤਰੀਕਿਆਂ ਨਾਲ ਬੋਲੀ ਪ੍ਰਕਿਰਿਆ ਦੀ ਸਹੂਲਤ ਦਿੰਦਾ ਹੈ: ਬੁਕ ਬਿਲਡਿੰਗ, ਕੀਮਤ-ਮਾਤਰਾ ਅਤੇ ਰਿਵਰਸ (ਉਲਟੀ) ਨਿਲਾਮੀ।

ਖ਼ਰੀਦਾਰ ਗਾਈਡ

ਖ਼ਰੀਦ ਦੇ ਨਤੀਜਿਆਂ ਦੀ ਚੋਣ ਕਰਦੇ ਸਮੇਂ ਪੋਰਟਲ 'ਤੇ ਵਿਚਾਰ ਕਰਨ ਲਈ ਕਈ ਤਰ੍ਹਾਂ ਦੇ ਕਾਰਕ ਹਨ, ਜਿਵੇਂ ਕਿ ਵਸਤਾਂ ਨਾਲ ਸਬੰਧਤ ਜਾਣਕਾਰੀ (ਸ਼੍ਰੇਣੀ, ਕੀਮਤ, ਸਪੁਰਦਗੀ ਵਿਧੀ, ਰਾਜ, ਜ਼ਿਲ੍ਹਾ ਅਤੇ ਪ੍ਰਮਾਣ ਪੱਤਰ) ਦੇ ਨਾਲ ਉਪਲਬਧਤਾ, ਲਾਗਤ ਅਤੇ ਲਾਭ।